# "Society for Promotion of Quality Education for Poor and Meritorious Students of Punjab"

ਵਿੱਦਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਚੌਥੀ ਮੰਜਿਲ, ਫੇਜ਼ 8, ਐਸ.ਏ.ਐਸ ਨਗਰ (ਮੁਹਾਲੀ)

## ਜਨਤਕ ਨਿਯੁਕਤੀ

ਉਪਰੋਕਤ ਸੋਸਾਇਟੀ ਵੱਲੋਂ ਮੈਟ੍ਰਿਕ ਦੀ ਪ੍ਰੀਖਿਆ ਵਿੱਚ 80 ਪ੍ਰਤੀਸ਼ਤ ਜਾਂ ਉਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਮੈਰੀਟੋਰੀਅਸ ਵਿਦਿਆਰਥੀਆਂ ਲਈ ਵਿਸ਼ੇਸ਼ ਸਕੂਲ 11ਵੀਂ ਅਤੇ 12ਵੀਂ ਜਮਾਤ ਲਈ ਖੋਲ੍ਹੇ ਜਾਣ ਵਾਲੇ ਸੀਨੀਅਰ ਸੈਕੰਡਰੀ ਰੈਜੀਡੈਂਸੀਅਲ ਸਕੂਲ ਫਾਰ ਮੈਰੀਟੋਰੀਅਸ ਸਟੂਡੈਂਟਸ, ਜਲੰਧਰ ਵਿੱਚ ਸਟਾਫ ਦਾ ਪ੍ਰਬੰਧ ਕਰਨ ਸਬੰਧੀ ਭਰਤੀ ਲਈ ਯੋਗ ਉਮੀਦਵਾਰਾਂ ਪਾਸੋਂ ਵਿਭਾਗ ਦੀ ਵੈਬਸਾਇਟ www.ssapunjab.orgਤੇ ਆਨਲਾਈਨ ਮਿਤੀ: 7-5-2014. ਤੋਂ 20-5-2014 ਸ਼ਾਮ 5:00 ਵਜੇ ਤੱਕ ਹੇਠ ਦਰਸਾਈਆਂ ਆਸਾਮੀਆਂ ਤੇ ਭਰਤੀ ਕਰਨ ਲਈ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ।ਇਨ੍ਹਾਂ ਅਸਾਮੀਆਂ ਨਾਲ ਸਬੰਧਤ ਸ਼ਰਤਾਂ/ਬਾਨਾਂ (Terms & Conditions) ਅਤੇ ਹੋਰ ਵਿਸਥਾਰਪੂਰਵਕ ਜਾਣਕਾਰੀ ਹੇਠ ਅਨੁਸਾਰ ਦਰਸਾਈ ਜਾਂਦੀ ਹੈ:-

1. ਅਸਾਮੀਆਂ, ਵਿਦਿਅਕ ਯੋਗਤਾਵਾਂ ਅਤੇ ਤਨਖਾਹ ਸਬੰਧੀ ਵੇਰਵਾ:

| ਲੜੀ ਨੰ: | ਅਸਾਮੀ ਦਾ ਨਾਂ | ਵਿਦਿਅਕ ਯੋਗਤਾਵਾਂ ਅਤੇ ਤਜਰਬਾ ਆਦਿ | ਆਸਾਮੀਆਂ ਦੀ ਗਿਣਤੀ | ਬੇਸਿਕ+ਗਰੇਡ ਪੇ (ਉੱਕਾ ਪੁੱਕਾ) |
|---|---|---|---|---|
| 1 | ਲਾਇਬ੍ਰੇਰੀਅਨ | ਉਮੀਦਵਾਰ ਨੇ 10+2 ਦੀ ਪ੍ਰੀਖਿਆ ਮਾਨਤਾ ਪ੍ਰਾਪਤ ਬੋਰਡ ਅਤੇ ਦੋ ਸਾਲਾ ਡਿਪਲੋਮਾ ਇਨ ਇਨਫਰਮੇਸਨ ਅਤੇ ਲਾਇਬਰੇਰੀ ਸਾਇੰਸ ਜਾਂ ਬੀ.ਲਿਬ. ਜਾਂ ਐਮ.ਲਿਬ ਦੀ ਡਿਗਰੀ ਹਾਸਲ ਕੀਤੀ ਹੋਵੇ ਕਿਸੇ ਮਾਨਤਾ ਪ੍ਰਾਪਤ ਸੰਸਥਾ/ਯੂਨੀਵਰਸਿਟੀ ਤੋਂ ਹਾਸਲ ਕੀਤੀ ਹੋਵੇ। | 1 | 8910/- |
| 2 | ਕਲਰਕ | i) Candidate should have possesses the Bachenor's Degree from a recognized University or Institution atleast with 60% marks and<br>ii) Possesses atleast one hundred and twenty hours course with hands on experience in the use of personal Computer or Information Technology in Office Productivity applications or Desktop Publishing or a reputed institutions, which is ISO 9001, certified OR Possesses a Computer information Technology course equivalent to 'O' level certificate of Department of Electronics Accreditation of Computer Courses ( DOFACC) of Government of India.<br>iii) Before appointment will have to qualify test in Punjabi typewriting either on computer or on manual or electronic typewriter, to be conducted by this Society. | 1 | 13500/- |
| 3 | ਐਸ.ਐੱਲ.ਏ. | ਉਮੀਦਵਾਰ ਨੇ 10 +2 ਦੀ ਪ੍ਰੀਖਿਆ ਕਿਸੇ ਮਾਨਤਾ ਪ੍ਰਾਪਤ ਬੋਰਡ ਤੋਂ ਪਾਸ ਕੀਤੀ ਹੋਵੇ ਅਤੇ ਦਸਵੀਂ ਦੀ ਪ੍ਰੀਖਿਆ ਸਾਇੰਸ ਵਿਸੇ ਨਾਲ ਪਾਸ ਕੀਤੀ ਹੋਵੇ। | 3 | 8310/- |

| | | | | |
|---|---|---|---|---|
| 4 | ਲਾਇਬ੍ਰੇਰੀ ਰਿਸਟੋਰਰ | ਉਮੀਦਵਾਰ ਨੇ 10 +2 ਦੀ ਪ੍ਰੀਖਿਆ ਕਿਸੇ ਮਾਨਤਾ ਪ੍ਰਾਪਤ ਬੋਰਡ ਤੋਂ ਪਾਸ ਕੀਤੀ ਹੋਵੇ। | 1 | 7910/- |
| 5 | ਅਕਾਊਂਟੈਂਟ-ਕਮ-ਕਲਰਕ | ਉਮੀਦਵਾਰ ਨੇ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਬੀ.ਕਾਮ ਦੀ ਡਿਗਰੀ ਹਾਸਲ ਕੀਤੀ ਹੋਵੇ। | 1 | 16000/- |

**2) ਉਮਰ ਸੀਮਾ: ਅਸਾਮੀਆਂ ਲਈ ਉਮਰ ਸੀਮਾਂ ਹੇਠ ਲਿਖੇ ਅਨੁਸਾਰ ਹੈ:**

(ੳ) ਮਿਤੀ: 1-1-2014 ਨੂੰ ਉਮੀਦਵਾਰ ਦੀ ਉਮਰ 18 ਤੋਂ 38 ਸਾਲ ਤੋਂ ਹੋਣੀ ਚਾਹੀਦੀ।

(ਅ) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ 43 ਸਾਲ ਹੋਵੇਗੀ।

(ੲ) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਦੀ ਉਪਰਲੀ ਉਮਰ ਸੀਮਾ ਦੀ ਹੱਦ 45 ਸਾਲ ਤੱਕ ਹੋਵੇਗੀ।

(ਸ) ਪੰਜਾਬ ਦੇ ਸਾਬਕਾ ਫੌਜੀਆਂ ਵੱਲੋਂ ਉਨ੍ਹਾਂ ਦੀ ਫੌਜ ਵਿਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਆਸਾਮੀ ਦੀ ਉਪਰਲੀ ਸੀਮਾ ਤੋਂ ਤਿੰਨ ਸਾਲ ਵੱਧ ਹੋਵੇਗੀ ਤਾਂ ਉਨ੍ਹਾਂ ਨੂੰ ਉਮਰ ਸੀਮਾ ਦੀਆਂ ਸ਼ਰਤਾਂ ਤੇ ਸੰਤੁਸਟਤਾ ਦੇਣੀ ਪਵੇਗੀ।

(ਹ) ਵਿਧਵਾ ਅਤੇ ਤਲਾਕਸੁਦਾ ਔਰਤਾ ਨੂੰ ਉਮਰ ਦੀ ਉਪਰਲੀ ਉਮਰ ਸੀਮਾ ਦੀ ਹੱਦ 42 ਸਾਲ ਤੱਕ ਹੋਵੇਗੀ।

(ਕ) ਪੰਜਾਬ ਦੇ ਵਸਨੀਕ ਵਿਕਲਾਂਗਾ ਦੀ ਉਪਰਲੀ ਉਮਰ ਸੀਮਾ ਦੀ ਹੱਦ 47 ਸਾਲ ਤੱਕ ਹੋਵੇਗੀ।

(ਖ) ਉਮੀਦਵਾਰ ਨੇ ਪੰਜਾਬੀ ਘੱਟੋ ਘੱਟ ਦਸਵੀਂ ਪੱਧਰ ਤੱਕ ਪਾਸ ਕੀਤੀ ਹੋਵੇ।

(ਗ) ਉਮੀਦਵਾਰ ਸਬੰਧਤ ਅਸਾਮੀ ਲਈ ਨਿਰਧਾਰਿਤ ਵਿਦਿਅਕ ਯੋਗਤਾਵਾਂ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਪੂਰੀਆ ਕਰਦਾ ਹੋਣਾ ਜਰੂਰੀ ਹੈ।

**3) ਉਮੀਦਵਾਰ ਨੂੰ ਅਯੋਗ ਠਹਿਰਾਉਣ ਸਬੰਧੀ ਸੰਖੇਪ ਸ਼ਰਤਾਂ**

ੳ) ਪ੍ਰਤੀਬੇਨਤੀ ਵਿਚ ਅਧੂਰੀ ਜਾਂ ਗਲਤ ਸੂਚਨਾਂ ਦੇਣਾ।

ਅ) ਪੰਜਾਬ ਸਕੂਲ ਸਿੱਖਿਆ ਵਿਭਾਗ ਭਰਤੀ ਬੋਰਡ ਜਾਂ ਕਿਸੇ ਹੋਰ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਹੋਣਾ।

ੲ) ਵਿਦਿਅਕ ਯੋਗਤਾ ਜਾਂ ਉਮਰ ਆਦਿ ਸਬੰਧੀ ਸ਼ਰਤਾਂ ਦਾ ਪੂਰਾ ਨਾ ਹੋਣਾ।

**4) ਫੀਸ ਸਬੰਧੀ ਵੇਰਵਾ:**

| | | |
|---|---|---|
| ੳ) | ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰਾਂ ਲਈ | 500/- |
| ਅ) | ਰਿਜਰਵ ਕੈਟਾਗਿਰੀ (ਐਸ.ਸੀ/ ਐਸ.ਟੀ)/ ਅੰਗਹੀਣ | 250/- |
| ੲ) | ਸਾਬਕਾ ਸੈਨਿਕ ਖੁੱਦ | ਕੋਈ ਨਹੀਂ |

**5) ਰਿਜਰਵੇਸ਼ਨ ਸਰਟੀਫਿਕੇਟ**

ੳ) ਰਿਜਰਵੇਸਨ ਦਾ ਲਾਭ ਕੇਵਲ ਪੰਜਾਬ ਰਾਜ ਦੇ ਵਾਸੀਆਂ ਨੂੰ ਮਿਲਣਯੋਗ ਹੋਵੇਗਾ। ਅਨੁਸੂਚਿਤ ਜਾਤੀ/ਪਛੜੀ ਸ੍ਰੇਣੀਆਂ ਦਾ ਸਰਟੀਫਿਕੇਟ ਭਲਾਈ ਵਿਭਾਗ, ਪੰਜਾਬ ਸਰਕਾਰ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਅਤੇ ਸਾਬਕਾਂ ਫੋਜੀਆਂ ਦਾ ਸਰਟੀਫਿਕੇਟ ਉਨ੍ਹਾਂ ਦੇ ਸਬੰਧਤ ਵਿਭਾਗ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਵੇਗਾ।

ਅ) ਪੱਛੜੀਆਂ ਸ੍ਰੇਣੀ ਦੀ ਉਹ ਇਸਤਰੀ ਉਮੀਦਵਾਰ ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਮ ਤੇ ਬਣੇ ਹਨ ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਕਾਉਂਸਲਿੰਗ ਸਮੇਂ ਆਪਣੇ ਨਾਮ ਦਾ ਸਰਟੀਫਿਕੇਟ ਜਿਸ ਵਿੱਚ ਪਿਤਾ ਦਾ ਨਾ ਦਰਜ ਹੈ ਜਾਂ ਪਿਤਾ ਦਾ ਪਛੜੀ ਸ੍ਰੇਣੀ ਦਾ ਸਰਟੀਫਿਕੇਟ ਵੀ ਸਬੂਤ ਵਜੋਂ ਕਾਉਂਸਲਿੰਗ ਸਮੇਂ ਪੇਸ਼ ਕਰਨਾ ਹੋਵੇਗਾ। ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਰੱਦ ਕੀਤੀ ਜਾਵੇਗੀ।

ੲ) ਸੁਤੰਤਰਤਾ ਸੰਗਰਾਮੀ ਸ੍ਰੇਣੀ ਨਾਲ ਸਬੰਧਤ ਉਮੀਦਵਾਰ ਆਪਣੇ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਨੱਥੀਂ ਕਰਨਗੇ।

ਸ) ਵੱਖ-ਵੱਖ ਕੈਟਾਗਰੀਆਂ ਐਸ.ਸੀ/ਬੀ.ਸੀ, ਸਾਬਕਾ ਫੌਜੀ, ਹੈਂਡੀਕੈਪਡ ਅਤੇ ਆਜਾਦੀ ਘੁਲਾਟੀਏ ਕੈਟਾਗਰੀ ਨਾਲ ਸਬੰਧੀ ਉਮੀਦਵਾਰ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦਾ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਇਆ ਸਰਟੀਫਿਕੇਟ ਸਬੂਤ ਵਜੋਂ ਕਾਉਂਸਲਿੰਗ ਸਮੇਂ ਪੇਸ਼ ਕਰਨਗੇ।

ਹ) ਖਿਡਾਰੀ ਸ੍ਰੇਣੀ ਦੇ ਉਮੀਦਵਾਰਾਂ ਕੋਲ, ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦਾ, ਡਾਇਰੈਕਟਰ ਸਪੋਰਟਸ, ਪੰਜਾਬ ਵੱਲੋਂ ਜਾਰੀ ਕੀਤਾ ਗਰੇਡੇਸ਼ਨ ਸਰਟੀਫਿਕੇਟ ਹੋਣਾ ਚਾਹੀਦਾ ਹੈ।

ਕ) ਹੈਂਡੀਕੈਪਡ ਉਮੀਦਵਾਰ ਲਈ ਮੈਡੀਕਲ ਬੋਰਡ/ਸਿਵਲ ਸਰਜਨ ਵੱਲੋਂ ਜਾਰੀ ਕੀਤਾ Disability ਸਰਟੀਫਿਕੇਟ ਪੰਜਾਬ ਸਰਕਾਰ ਦੀ ਹਦਾਇਤਾਂ ਅਨੁਸਾਰ ਹੋਣਾ ਲਾਜਮੀ ਹੋਵੇਗਾ।

5) **ਚੋਣ ਦਾ ਤਰੀਕਾ:-**

ਉਪਰੋਕਤ ਸਾਰੀਆਂ ਆਸਾਮੀਆਂ ਲਈ ਯੋਗ ਅਤੇ ਪਾਤਰ ਉਮੀਦਵਾਰਾਂ ਦਾ ਇੱਕ ਕਾਮਨ ਲਿਖਤੀ ਟੈਸਟ ਲਿਆ ਜਾਵੇਗਾ ਅਤੇ ਉਨ੍ਹਾਂ ਵੱਲੋਂ ਲਿਖਤੀ ਟੈਸਟ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਇੱਕ ਪ੍ਰੋਵੀਜ਼ਨਲ ਮੈਰਿਟ ਤਿਆਰ ਕੀਤੀ ਜਾਵੇਗੀ। ਲਿਖਤੀ ਟੈਸਟ ਵਿੱਚੋਂ ਪਾਸ ਹੋਏ ਉਮੀਦਵਾਰਾਂ, ਜਿਨ੍ਹਾਂ ਨੇ ਕਲਰਕ ਦੀ ਆਸਾਮੀ ਲਈ ਅਪਲਾਈ ਕੀਤਾ ਹੋਵੇ, ਦਾ ਪੰਜਾਬੀ ਅਤੇ ਅੰਗਰੇਜੀ ਟਾਈਪ ਦਾ ਟੈਸਟ ਲਿਆ ਜਾਵੇਗਾ। ਉਸ ਉਪਰੰਤ ਉਮੀਦਵਾਰਾਂ ਦੇ ਦਸਤਾਵੇਜਾਂ ਦੀ ਜਾਇਜ਼ਤਾ ਜਾਨਣ ਲਈ ਪ੍ਰਕਾਸਿਤ ਕਰਵਾਈਆਂ ਗਈਆਂ ਆਸਾਮੀਆਂ ਨਾਲੋਂ ਤਿੰਨ ਗੁਣਾਂ ਵੱਧ ਉਮੀਦਵਾਰਾਂ ਨੂੰ Scrutiny of Documents ਲਈ ਬੁਲਾਇਆ ਜਾਵੇਗਾ। ਸਕਰੂਟਨੀ ਉਪਰੰਤ ਫਾਇਨਲ ਮੈਰਿਟ ਲਿਖਤੀ ਟੈਸਟ ਵਿਚ ਅੰਕਾ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ।

ਨੋਟ:- ਇੰਟਰਵਿਓ ਦੀ ਮਿਤੀ ਅਤੇ ਸਮੇ ਬਾਰੇ ਨੋਟਿਸ ਵੱਖਰੇ ਤੌਰ ਤੇ SSA ਦੀ ਵੈਬ ਸਾਇਟ www.ssapunjab.org ਤੇ display ਕੀਤਾ ਜਾਵੇਗਾ।

6) **ਆਮ ਹਦਾਇਤਾਂ:**

i) ਇਨ੍ਹਾਂ ਆਸਾਮੀਆਂ ਤੇ ਚੁਣੇ ਗਏ ਉਮੀਦਵਾਰਾਂ ਨੂੰ ਕੇਵਲ ਸੀਨੀਅਰ ਸੈਕੰਡਰੀ ਰੈਜੀਡੈਂਸੀਅਲ ਸਕੂਲ ਫਾਰ ਮੈਰੀਟੋਰੀਅਸ ਸਟੂਡੈਂਟਸ ਜਲੰਧਰ ਵਿਖੇ ਕੰਮ ਕਰਨਾ ਹੋਵੇਗਾ ਅਤੇ ਚੁਣੇ ਗਏ ਉਮੀਦਵਾਰਾਂ ਨੂੰ ਕਿਸੇ ਹੋਰ ਸਕੂਲ ਵਿੱਚ ਬਦਲੀ ਕਰਵਾਉਣ ਦੀ ਆਗਿਆ ਨਹੀਂ ਹੋਵੇਗੀ।

ii) ਇਸ ਅਸਾਮੀ ਦੀ ਭਰਤੀ ਠੇਕੇ ਤੇ ਮੁੱਢਲੇ ਤੌਰ ਤੇ ਇੱਕ ਸਾਲ ਲਈ ਕੀਤੀ ਜਾਣੀ ਹੈ। ਉਮੀਦਵਾਰ ਦੇ ਕੰਮ ਅਤੇ ਆਚਰਣ ਨੂੰ ਵਿਚਾਰਦੇ ਹੋਏ ਇਹ ਪੇਸ਼ਕਸ਼ ਅਗਲੇ ਸਾਲ ਲਈ ਵਧਾਈ ਜਾ ਸਕਦੀ ਹੈ।

iii) ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਆਸਾਮੀ ਨਿਰੋਲ ਠੇਕਾ ਆਧਾਰ ਤੇ ਭਰੀ ਜਾਣੀ ਹੈ ਅਤੇ ਚੁਣੇ ਗਏ ਉਮੀਦਵਾਰ ਨੂੰ ਕਿਸੇ ਵੀ ਸੂਰਤ ਵਿੱਚ ਉਸ ਵੱਲੋਂ ਰਾਜ ਸਰਕਾਰ/ਕੇਂਦਰੀ ਸਰਕਾਰ ਜਾਂ ਕਿਸੇ ਹੋਰ ਅਦਾਰੇ ਵਿੱਚ ਕੀਤੀ ਸੇਵਾ ਦਾ ਕੋਈ ਲਾਭ ਨਹੀਂ ਦਿੱਤਾ ਜਾਵੇਗਾ।

iv) ਐਪਲੀਕੇਸ਼ਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ।

v) ਉਮੀਦਵਾਰ ਇਹ ਵੀ ਤਸਦੀਕ ਕਰਨਗੇ ਕਿ ਉਹ ਜਿਸ ਆਸਾਮੀ ਲਈ ਅਪਲਾਈ ਕਰ ਰਿਹਾ ਹੈ, ਉਸ ਦੀ ਪਾਤਰਤਾ ਲਈ ਉਹ ਨਿਰਧਾਰਤ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਨਿਯੁਕਤੀ ਲਈ ਚੋਣ ਉਸ ਦੀ ਪਾਤਰਤਾ ਦੇ ਆਧਾਰ ਤੇ ਹੀ ਹੋਵੇਗੀ ਅਤੇ ਇੰਟਰਵਿਊ ਸਮੇਂ ਉਮੀਦਵਾਰ ਵੱਲੋਂ ਆਪਣੇ ਅਸਲ ਦਸਤਾਵੇਜ਼ਾਂ ਦੇ ਆਧਾਰ ਤੇ ਉਮਰ, ਵਿਦਿਅਕ ਯੋਗਤਾਵਾਂ ਅਤੇ ਲੋੜੀਂਦੇ ਦਸਤਾਵੇਜ਼ਾਂ ਸਬੰਧੀ ਤਸਦੀਕ ਕਰਨੀ ਹੋਵੇਗੀ। ਕਿਸੇ ਵੀ ਦਸਤਾਵੇਜ਼ ਦੀ ਅਣਹੋਂਦ ਵਿਚ ਉਮੀਦਵਾਰ ਨੂੰ ਨਿਯੁਕਤੀ/ਭਰਤੀ ਲਈ ਨਹੀਂ ਵਿਚਾਰਿਆ ਜਾਵੇਗਾ।

vi) ਇੰਟਰਵਿਊ ਸਮੇਂ ਉਮੀਦਵਾਰ ਆਪਣੇ ਸਾਰੇ ਅਸਲ ਵਿਦਿਅਕ/ਪ੍ਰੋਫੇਸ਼ਨਲ ਯੋਗਤਾਵਾਂ, ਤਜ਼ਰਬਾ ਅਤੇ ਸ੍ਰੇਣੀ ਆਦਿ ਨਾਲ ਸਬੰਧਤ ਸਰਟੀਫਿਕੇਟ ਸਮੇਤ ਉਨ੍ਹਾਂ ਦੀਆਂ ਸੈਲਫ ਅਟੈਸਟਡ (Self Attested) ਕਾਪੀਆਂ ਫਾਈਲ ਵਿੱਚ ਲਗਾ ਕੇ ਲਿਆਉਣਗੇ। **ਇਹ** ਸਾਰੇ ਦਸਤਾਵੇਜ਼ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦੇ ਜਾਰੀ ਹੋਣੇ ਚਾਹੀਦੇ ਹਨ। ਆਖਰੀ ਮਿਤੀ ਤੋਂ ਬਾਅਦ ਦਾ ਜਾਰੀ ਕੀਤਾ ਗਿਆ ਸਰਟੀਫਿਕੇਟ ਮੰਨਣ-ਯੋਗ ਨਹੀ ਹੋਵੇਗਾ। ਉਮੀਦਵਾਰ ਇਹ ਤਸੱਲੀ ਕਰ ਲੈਣ ਕਿ ਉਹ ਅਰਜੀਆਂ ਦੇਣ ਦੀ ਆਖਰੀ ਮਿਤੀ ਤੋਂ ਵਿੱਦਿਅਕ ਯੋਗਤਾਵਾਂ, ਪ੍ਰੋਫੈਸਨਲ ਯੋਗਤਾਵਾਂ ਅਤੇ ਹੋਰ ਦਰਸਾਈਆਂ ਗਈਆਂ ਸਰਤਾਂ ਪੂਰੀਆਂ ਕਰਦੇ ਹੋਣ।

vii) ਉਮੀਦਵਾਰਾਂ ਵਲੋਂ ਉਪਲਬਧ ਕਰਵਾਏ ਕਿਸੇ ਵੀ ਦਸਤਾਵੇਜ਼ ਦੇ ਗਲਤ ਸਾਬਤ ਹੋਣ ਦੀ ਸੂਰਤ ਵਿੱਚ ਉਸ ਦਾ ਨਾਮ ਮੈਰਿਟ ਵਿਚੋਂ ਕੱਢ ਦਿੱਤਾ ਜਾਵੇਗਾ, ਜਿਸ ਲਈ ਉਮੀਦਵਾਰ ਅਤੇ ਦਸਤਾਵੇਜ਼ ਜਾਰੀ ਕਰਨ ਵਾਲੇ ਵਿਰੁਧ ਮੌਕੇ ਤੇ ਹੀ ਐਫ.ਆਈ.ਆਰ ਦਰਜ ਕਰਵਾ ਦਿੱਤੀ ਜਾਵੇਗੀ ਅਤੇ ਬਣਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

viii) ਯੋਗਤਾ ਦੀ ਬਰਾਬਰਤਾ ਸਬੰਧੀ ਪੈਦਾ ਹੋਣ ਵਾਲੇ ਕਿਸੇ ਵਿਵਾਦ ਦੀ ਸੂਰਤ ਵਿੱਚ ਭਰਤੀ ਬੋਰਡ ਦੁਆਰਾ ਦਿੱਤਾ ਗਿਆ ਫੈਸਲਾ ਅੰਤਿਮ ਹੋਵੇਗਾ ਅਤੇ ਸਭ ਧਿਰਾਂ ਤੇ ਲਾਗੂ ਹੋਵੇਗਾ।

ix) ਇੰਟਰਵਿਊ ਸਮੇਂ ਜੇਕਰ ਕਿਸੇ ਉਮੀਦਵਾਰ ਵੱਲੋਂ ਆਪਣੀਆਂ ਵਿੱਦਿਅਕ/ਪ੍ਰੋਫੈਸਨਲ ਯੋਗਤਾਵਾਂ ਆਦਿ ਸਬੰਧੀ ਅਸਲ ਦਸਤਾਵੇਜ ਪੇਸ਼ ਨਹੀਂ ਕੀਤੇ ਜਾਂਦੇ ਤਾ ਉਸ ਦੀ Candidature ਖਾਰਜ ਕਰ ਦਿੱਤੀ ਜਾਵੇਗੀ।

x) ਇੰਟਰਵਿਊ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

xi) ਉਮੀਦਵਾਰ ਨੂੰ ਇਹ ਵੀ ਸਲਾਹ ਦਿੱਤੀ ਜਾਦੀ ਹੈ ਕਿ ਉਹ ਇੰਟਰਵਿਊ/ Latest updates ਆਦਿ ਸਬੰਧੀ ਵੈਬਸਾਈਟ ਤੇ ਰੈਗੂਲਰ ਤੌਰ ਤੇ ਆਪ ਹੀ ਧਿਆਨ ਰੱਖਣਗੇ । ਇਸ ਸਬੰਧੀ ਉਨ੍ਹਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ। ਉਮੀਦਵਾਰ ਨੂੰ ਇਹ ਵੀ ਸਲਾਹ ਹੈ ਕਿ ਉਹ ਸਾਰੀਆਂ ਹਦਾਇਤਾਂ ਚੰਗੀ ਤਰ੍ਹਾ ਪੜ੍ਹ ਲਵੇ।

xii) ਇੰਟਰਵਿਉ ਵਿੱਚ ਗੈਰ ਹਾਜਰ ਰਹਿਣ ਕਾਰਨ ਉਸ ਦੀ ਪਾਤਰਤਾ ਰੱਦ ਸਮਝੀ ਜਾਵੇਗੀ ਅਤੇ ਕਿਸੇ ਵੀ ਸੂਰਤ ਵਿੱਚ ਕੋਈ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ।

<u>**ਫਾਰਮ ਭਰਨ ਸਬੰਧੀ ਦਿਸ਼ਾ ਨਿਰਦੇਸ਼**</u>

1) ਵੈਬਸਾਈਟ www.ssapunjab.org

2) ਉਮੀਦਵਾਰ ਵਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸ਼ਨ ਕਰਵਾਈ ਜਾਵੇਗੀ। ਰਜੀਸਟ੍ਰੇਸ਼ਨ ਕਰਵਾਉਣ ਲਈ ਇਸ ਵੈਬ-ਸਾਈਟ ਉੱਤੇ ਦਿੱਤੇ ਲਿੰਕ New Registration ਉਤੇ click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ ਰਜਿਸਟ੍ਰੇਸ਼ਨ ਕਰਨ ਉਪਰੰਤ ਕੋਈ ਵੀ ਜਾਣਕਾਰੀ ਦੁਬਾਰਾ Update/Edit ਨਹੀਂ ਕੀਤੀ ਜਾ ਸਕਦੀ।

3) ਰਜਿਸਟ੍ਰੇਸ਼ਨ ਉਪਰੰਤ ਉਮੀਦਵਾਰ ਆਪਣਾ Bank Challan ਜਨਰੇਟ ਕਰ ਸਕਦੇ ਹਨ ਅਤੇ State Bank of Patiala ਵਿਚ ਆਪਣੀ ਫੀਸ ਰਜਿਸਸਟ੍ਰੇਸਨ ਤੋਂ ਅਗਲੇ ਦਿਨ ਜਮ੍ਹਾਂ ਕਰਵਾ ਸਕਦੇ ਹਨ।

4) ਫੀਸ ਸਬੰਧੀ ਬੈਂਕ ਤੋਂ confirmation ਉਪਰੰਤ ਇਸ ਵਿਭਾਗ ਵਲੋਂ ਉਮੀਦਵਾਰ ਦੀ ਰਜੀਸਟ੍ਰੇਸ਼ਨ 48 ਘੰਟੇ ਵਿਚ Confirm ਕਰ ਦਿੱਤੀ ਜਾਵੇਗੀ ਅਤੇ confirmation ਉਪਰੰਤ ਹੀ ਉਮੀਦਵਾਰ ਆਪਣੀ Online Application ਭਰ ਸਕਦੇ ਹਨ। ਫਾਰਮ ਭਰਨ ਦੀ ਆਖਰੀ ਮਿਤੀ ਤੱਕ ਫਾਰਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।

5) ਐਪਲੀਕੇਸਨ ਫਾਰਮ ਭਰਨ ਸਮੇਂ ਫੋਟੋ ਅਤੇ ਹਸਤਾਖਰ jpeg format ਵਿੱਚ ਅਪਲੋਡ ਜਰੂਰ ਕੀਤੇ ਜਾਣ।

6) Application ਭਰਨ ਉਪਰੰਤ ਇਸ ਦਾ printout ਜਰੂਰ ਲਿਆ ਜਾਵੇ ਅਤੇ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ Application Form ਜਾਂ

ਕੋਈ ਹੋਰ ਦਸਤਾਵੇਜ post ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ ਮੰਗੇ ਜਾਣ ਉੱਤੇ ਹੀ ਭੇਜਿਆ ਜਾਵੇ।

**Important Dates :-**

- **ਪਹਿਲਾਂ ਉਮੀਦਵਾਰ ਆਨਲਾਈਨ ਰਜੀਸਟ੍ਰੇਸ਼ਨ ਕਰੇਗਾ ਜਿਸ ਦੀ ਆਖਰੀ ਮਿਤੀ 20-5-2014 (ਸ਼ਾਮ 5:00 ਵਜੇ ਤੱਕ) ਹੈ। ਰਜਿਸਟ੍ਰੇਸ਼ਨ ਕਰਨਾ ਹੀ ਅਪਲਾਈ ਕਰਨ ਦੀ ਆਖਰੀ ਮਿਤੀ ਹੋਵੇਗੀ।**
- **ਉਮੀਦਵਾਰ ਰਜਿਸਟ੍ਰੇਸ਼ਨ ਕਰਨ ਤੋਂ ਬਾਅਦ ਬੈਂਕ ਚਲਾਨ ਜਨਰੇਟ ਕਰੇਗਾ ਅਤੇ ਅਰਜੀ ਦੀ ਨਿਰਧਾਰਿਤ ਫੀਸ ਮਿਤੀ 22-5-2014 ਤੱਕ ਬੈਂਕ ਵਿਚ ਜਮ੍ਹਾਂ ਕਰਵਾ ਸਕਦਾ ਹੈ।**
- **ਬੈਂਕ ਵਿਚ ਫੀਸ ਜਮ੍ਹਾਂ ਕਰਵਾਉਣ ਅਤੇ ਫੀਸ ਦੀ confirmation ਹੋਣ ਉਪਰੰਤ ਹੀ ਉਮੀਦਵਾਰ ਆਪਣਾ Online Application Form ਭਰ ਸਕਦਾ ਹੈ ਜਿਸ ਦੀ ਆਖਰੀ ਮਿਤੀ 25-5-2014 (ਸ਼ਾਮ 5:00 ਵਜੇ ਤੱਕ) ਹੈ।**

*ਨੋਟ:*

1) *ਇਸ ਸਕੂਲ ਵਿੱਚ Medium of Instructions ਅੰਗਰੇਜੀ ਹੈ ਅਤੇ ਇਹ ਸਕੂਲ ਪੀ.ਐਸ.ਈ.ਬੀ ਨਾਲ ਐਫੀਲੀਏਟਡ ਹਨ।*
2) *ਇਹ ਅਸਾਮੀ ਕਿਸੇ ਸਮੇਂ ਵੀ ਰੱਦ ਕੀਤੀ ਜਾ ਸਕਦੀ ਹੈ ।*
3) *ਉਮੀਦਵਾਰ ਨੂੰ ਇਥੇ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਭਰਤੀ ਸਬੰਧੀ ਸ਼ਰਤਾਂ ਬਾਨਾਂ ਚੰਗੀ ਤਰ੍ਹਾਂ ਨਾਲ ਪੜ੍ਹਨ ਉਪਰੰਤ ਆਪ ਖ਼ੁਦ ਅਪਲਾਈ ਕਰੇ।*
4) *ਹੈਲਪ ਲਾਈਨ 0172-5212318*

ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.)

ਪੰਜਾਬ -ਕਮ-ਪ੍ਰੋਜੈਕਟ ਡਾਇਰੈਕਟਰ